get ready QUEENSLAND

# ਆਪਣੀ ਘਰੇਲੂ ਐਮਰਜੈਂਸੀ ਕਿਟ ਤਿਆਰ ਕਰੋ

Queensland Government

ਅਸੀਂ ਕਵੀਂਸਲੈਂਡ ਵਿੱਚ ਵਧੀਆ ਵਾਤਾਵਰਨ ਅਤੇ ਜੀਵਨਸ਼ੈਲੀ ਦਾ ਆਨੰਦ ਮਾਣਦੇ ਹਾਂ। ਹਾਲਾਂਕਿ ਕੁਦਰਤੀ ਖਤਰੇ ਜਿਵੇਂ ਕਿ ਝੱਖੜ, ਤੂਫ਼ਾਨ ਅਤੇ ਹੜ੍ਹ ਸਾਡੇ ਵਾਤਾਵਰਨ ਦੇ ਅਟੱਲ ਹਿੱਸੇ ਹਨ। ਇਤਿਹਾਸਕ ਘਟਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਸੀਂ ਇਹਨਾਂ ਤੋਂ ਹੋਣ ਵਾਲੇ ਖਤਰਿਆਂ ਪ੍ਰਤੀ ਲਾਪਰਵਾਹ ਨਹੀਂ ਹੋ ਸਕਦੇ।

ਹੁਣ ਐਮਰਜੈਂਸੀ ਨਾਲ ਨਿਪਟਣ ਲਈ ਤਿਆਰ ਰਹੋ:

- ਆਪਣੀ ਐਮਰਜੈਂਸੀ ਯੋਜਨਾ ਤਿਆਰ ਕਰੋ;
- ਆਪਣੀ ਐਮਰਜੈਂਸੀ ਕਿਟ ਤਿਆਰ ਕਰੋ
- ਆਪਣੇ ਘਰ ਨੂੰ ਤਿਆਰ ਕਰੋ ਅਤੇ
- ਰੇਡੀਓ ਅਤੇ ਟੀਵੀ ਤੇ ਚੇਤਾਵਨੀਆਂ ਸੁਣੋ।

ਇਹ ਸੌਖੇ ਕੰਮ ਤੁਹਾਨੂੰ ਜੀਵਿਤ ਰਹਿਣ ਅਤੇ ਕੁਦਰਤੀ ਸੰਕਟਾਂ ਦੇ ਪ੍ਰਭਾਵ ਨੂੰ ਘੱਟ ਕਰਨ ਵਾਸਤੇ ਤਿਆਰ ਰਹਿਣ ਲਈ ਮਦਦ ਕਰ ਸਕਦੇ ਹਨ।

ਤੁਹਾਡੀ ਐਮਰਜੈਂਸੀ ਕਿਟ ਨੂੰ ਤਿਆਰ ਕਰਨ ਵਿੱਚ ਤੁਹਾਡੀ ਮਦਦ ਕਰਨ ਵਾਸਤੇ ਸੁਝਾਏ ਗਏ ਤਰੀਕਿਆਂ ਦੀ ਸੂਚੀ ਹੇਠਾਂ ਦਿੱਤੀ ਗਈ ਹੈ। ਇਹ ਯਕੀਨੀ ਬਣਾਵੇਗੀ ਕਿ ਤੁਹਾਡੇ ਘਰ ਵਿੱਚ ਸਭ ਤਿਆਰ ਹਨ:

- ਆਪਣੀ ਐਮਰਜੈਂਸੀ ਕਿਟ ਨੂੰ ਸੁਰੱਖਿਅਤ ਅਤੇ ਪਹੁੰਚ ਯੋਗ ਸਥਾਨ ਤੇ ਰੱਖੋ।
- ਇਹ ਯਕੀਨੀ ਬਣਾਓ ਕਿ ਘਰ ਦੇ ਸਾਰੇ ਸਦੱਸਾਂ ਨੂੰ ਤੁਹਾਡੀ ਐਮਰਜੈਂਸੀ ਕਿਟ ਦੇ ਬਾਰੇ ਪਤਾ ਹੈ।
- ਤੁਹਾਡੀ ਕਿਟ ਵਿੱਚ ਇਸ ਐਮਰਜੈਂਸੀ ਕਿਟ ਜਾਂਚ ਸੂਚੀ ਦੀ ਇੱਕ ਕਾਪੀ ਰੱਖੋ।
- ਇਹ ਯਕੀਨੀ ਬਣਾਉਣ ਲਈ ਕਿ ਤੁਹਾਡੀ ਕਿਟ ਵਿੱਚ ਸਾਰੀਆਂ ਚੀਜਾਂ ਚਾਲੂ ਹਨ ਅਤੇ ਉਹਨਾਂ ਨੂੰ ਪ੍ਰਯੋਗ ਕਰਨ ਦੀ ਮਿਤੀ ਸਮਾਪਤ ਨਹੀਂ ਹੋਈ ਹੈ, ਨਿਯਮਿਤ ਤੋਰ ਤੇ ਇਸਦੇ ਸਮਾਨ ਨੂੰ ਵੇਖੋ।
- ਤੁਹਾਡੇ ਘਰ ਦੇ ਸਦੱਸਾਂ ਨਾਲ ਕਿਟ ਦੇ ਸਮਾਨ ਬਾਰੇ ਵਿਚਾਰ-ਵਟਾਂਦਰਾ ਕਰੋ ਅਤੇ ਇਹ ਯਕੀਨੀ ਬਣਾਓ ਕਿ ਸਾਰੇ ਸਦੱਸਾਂ ਨੂੰ ਪਤਾ ਹੈ ਕਿ ਐਮਰਜੈਂਸੀ ਦੀ ਸਥਿੱਤੀ ਵਿੱਚ ਕੀ ਕਰਨਾ ਹੈ।

ਹੇਠਾਂ ਦਿੱਤੀਆਂ ਸੂਚੀਆਂ ਵਿੱਚ ਉਹ ਚੀਜਾਂ ਸ਼ਾਮਿਲ ਹਨ ਜੋ ਤੁਹਾਡੀ ਕਿਟ ਵਿੱਚ ਹਰ ਵੇਲੇ ਹੋਣੀਆਂ ਚਾਹੀਦੀਆਂ ਹਨ ਅਤੇ ਜਦੋਂ ਮੌਸਮ ਸੰਬੰਧੀ ਚੇਤਾਵਨੀਆਂ ਦਿੱਤੀਆਂ ਜਾਣ ਤਾਂ ਤੂਫ਼ਾਨ ਅਤੇ ਝੱਖੜ ਦੇ ਦੌਰਾਨ ਤੁਹਾਡੀ ਕਿਟ ਵਿੱਚ ਸ਼ਾਮਿਲ ਕਰਨ ਦੀ ਜਿਆਦਾ ਲੋੜ ਹੈ।

## ਤੁਹਾਡੀ ਐਮਰਜੈਂਸੀ ਕਿਟ ਵਿੱਚ ਹਰ ਵੇਲੇ ਹੋਣ ਵਾਲੀਆਂ ਚੀਜਾਂ

### ਭੋਜਨ ਅਤੇ ਪਾਣੀ

- ☐ ਖਰਾਬ ਨਾ ਹੋਣ ਵਾਲੇ ਭੋਜਨ ਦੀ ਸੂਚੀ
- ☐ ਬੋਤਲ ਦਾ ਪਾਣੀ

### ਚਿਕਿਤਸਾ ਅਤੇ ਸਫਾਈ ਸੰਬੰਧੀ ਸਮਾਨ

- ☐ ਪ੍ਰਾਥਮਿਕ ਚਿਕਿਤਸਾ ਕਿਟ ਅਤੇ ਨਿਯਮ ਪੁਸਤਕ
- ☐ ਜ਼ਰੂਰੀ ਦਵਾਈਆਂ, ਡਾਕਟਰ ਦੀਆਂ ਪਰਚੀਆਂ ਅਤੇ ਖੁਰਾਕ
- ☐ ਟਾਇਲੈਟ ਪੇਪਰ
- ☐ ਟੂੱਥਬੁਰਸ਼/ਟੂੱਥਪੇਸਟ
- ☐ ਸਾਬਨ/ਸ਼ੈਂਪੂ
- ☐ ਨਿਜੀ ਸਫਾਈ ਦਾ ਸਮਾਨ

### ਲਾਈਟ

- ☐ ਫਲੈਸ਼ਲਾਈਟ/ਟਾਰਚ ਅਤੇ ਅਤਿਰਿਕਤ ਬੈਟਰੀਆਂ
- ☐ ਬੈਟਰੀ ਨਾਲ ਚੱਲਣ ਵਾਲੀ ਲਾਲਟੇਨ

### ਸੰਚਾਰ ਦੇ ਸਾਧਨ

- ☐ ਬੈਟਰੀ ਨਾਲ ਚੱਲਣ ਵਾਲੇ ਰੇਡੀਓ ਅਤੇ ਅਤਿਰਿਕਤ ਬੈਟਰੀਆਂ
- ☐ ਪੁਰਾਣਾ ਤਾਰ ਵਾਲਾ ਟੈਲੀਫੋਨ
- ☐ ਫੋਨ ਕਰਨ ਲਈ ਪ੍ਰੀਪੇਡ ਫੋਨ ਕਾਰਡ ਅਤੇ ਸਿੱਕੇ

### ਕੱਪੜੇ ਅਤੇ ਜੁੱਤੀਆਂ

- ☐ ਸਾਰਿਆਂ ਵਾਸਤੇ ਗਰਮ ਕਮੀਜ, ਵਾਟਰਪ੍ਰੂਫ ਜੈਕੇਟ, ਟੋਪ ਅਤੇ ਦਸਤਾਨੇ
- ☐ ਸਾਰਿਆਂ ਵਾਸਤੇ ਬੰਦ ਬੂਟ

### ਉਪਕਰਨ ਅਤੇ ਸਮਾਨ

- ☐ ਸੀਟੀ, ਉਪਯੋਗੀ ਚਾਕੂ, ਨਲ/ਮਾਸਕਿੰਗ ਟੇਪ
- ☐ ਕੂੜੇ ਲਈ ਪਲਾਸਟਿਕ ਦੇ ਬੈਗ ਅਤੇ ਰੱਸੀਆਂ
- ☐ ਸੇਫਟੀ ਐਨਕਾਂ ਅਤੇ ਧੁੱਪ ਦੀਆਂ ਐਨਕਾਂ

### ਫੁਟਕਲ ਚੀਜਾਂ

- ☐ ਛੋਟੇ ਬੱਚਿਆਂ ਲਈ ਵਿਸ਼ੇਸ਼ ਚੀਜਾਂ (ਲੰਗੋਟ, ਫਾਰਮੂਲਾ ਆਦਿ)
- ☐ ਬਜੁਰਗਾਂ ਜਾਂ ਅਪੰਗ ਲੋਕਾਂ ਦੀ ਜ਼ਰੂਰਤ ਦਾ ਵਿਸ਼ੇਸ਼ ਸਮਾਨ
- ☐ ਘਰ ਅਤੇ ਕਾਰ ਦੀਆਂ ਅਤਿਰਿਕਤ ਚਾਬੀਆਂ
- ☐ ਪਾਲਤੂ ਜਾਨਵਰਾਂ ਦਾ ਭੋਜਨ, ਪਾਣੀ ਅਤੇ ਜ਼ਰੂਰਤ ਦਾ ਹੋਰ ਸਮਾਨ

### ਜ਼ਰੂਰੀ ਦਸਤਾਵੇਜ

ਆਪਣੀ ਐਮਰਜੈਂਸੀ ਕਿਟ ਵਿੱਚ ਹੇਠਾਂ ਦਿੱਤੇ ਦਸਤਾਵੇਜਾਂ ਦੀ ਅਸਲੀ ਜਾਂ ਪ੍ਰਮਾਣਿਤ ਪ੍ਰਤੀ ਰੱਖੋ। ਇਹਨਾਂ ਦਸਤਾਵੇਜਾਂ ਦੀਆਂ ਪ੍ਰਤੀਆਂ ਨੂੰ ਸਕੈਨ ਕਰੋ ਅਤੇ ਆਪਣੀ ਕਿਟ ਵਿੱਚ ਰੱਖਣ ਲਈ ਕਿਸੇ ਯੂਐਸਬੀ ਮੈਮਰੀ ਸਟਿੱਕ ਜਾਂ ਸੀਡੀ ਵਿੱਚ ਸੰਭਾਲ ਕੇ ਰਖੋ। ਇਹਨਾਂ ਸਾਰੀਆਂ ਚੀਜਾਂ ਨੂੰ ਪਲਾਸਟਿਕ ਦੇ ਬੰਦ ਬੈਗ ਵਿੱਚ ਰੱਖੋ।

- ☐ ।ਆਪਣੇ ਘਰ, ਸਮਾਨ, ਕਾਰਾਂ ਅਤੇ ਕੀਮਤੀ ਚੀਜਾਂ ਦੇ ਬੀਮੇ ਦੇ ਕਾਗਜ
- ☐ ਘਰ ਦੇ ਕੀਮਤੀ ਸਮਾਨ ਦੀ ਸੂਚੀ
- ☐ ਵਸੀਅਤ ਅਤੇ ਜੀਵਨ ਬੀਮਾ ਦੇ ਦਸਤਾਵੇਜ
- ☐ ਘਰ ਦੇ ਵਸੀਕਾ/ਗਿਰਵੀ ਦੇ ਕਾਗਜ
- ☐ ਜਨਮ ਅਤੇ ਵਿਆਹ ਦੇ ਸਰਟੀਫਿਕੇਟ
- ☐ ਪਾਸਪੋਰਟ/ਵੀਜਾ ਵੇਰਵੇ
- ☐ ਸਟੌਕ ਅਤੇ ਬੌਂਡ
- ☐ ਚਿਕਿਤਸਾ ਅਤੇ ਪੈਂਸ਼ਨ ਕਾਰਡ, ਪ੍ਰਤੀਰੱਖਿਆ ਰਿਕਾਰਡ
- ☐ ਬੈਂਕ ਖਾਤਾ ਅਤੇ ਕ੍ਰੈਡਿਟ ਕਾਰਡ ਵੇਰਵੇ
- ☐ ਕੰਪਿਊਟਰ ਦੀਆਂ ਫਾਈਲਾਂ ਦੀ ਬੈਕ-ਅਪ ਕਾਪੀ
- ☐ ਐਮਰਜੈਂਸੀ ਸੰਪਰਕ ਨੰਬਰਾਂ ਸਮੇਤ ਘਰੇਲੂ ਐਮਰਜੈਂਸੀ ਯੋਜਨਾ

ਘਰ ਵਿੱਚ ਤਿਆਰ ਰੱਖਣ ਵਾਲਾ ਹੋਰ ਐਮਰਜੈਂਸੀ ਸਮਾਨ


ਮੂਲ ਉਪਕਰਨ ਕਿਟ


ਵਾਧੂ ਸਮਾਨ


ਕੈਂਪ-ਓਵਨ ਜਾਂ ਗੈਸ ਬਰਨਰ

## ਹਮੇਸ਼ਾ ਯਾਦ ਰੱਖੋ

ਤੁਹਾਡੇ ਕੋਲ ਇੱਕ ਐਮਰਜੈਂਸੀ ਕਿਟ ਹੋਣਾ ਤੁਹਾਡੇ ਪਰਿਵਾਰ ਦੇ ਜੀਵਨ ਅਤੇ ਐਮਰਜੈਂਸੀ ਦੀਆਂ ਸਥਿੱਤੀਆਂ ਨਾਲ ਨਿਪਟਣ ਵਾਸਤੇ ਤਿਆਰ ਰਹਿਣ ਲਈ ਇੱਕ ਜ਼ਰੂਰੀ ਕਦਮ ਹੈ।

ਘਰ ਦੇ ਸਾਰੇ ਸਦੱਸਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਐਮਰਜੈਂਸੀ ਕਿਟ ਕਿੱਥੇ ਰੱਖੀ ਹੈ।

ਨਿਯਮਿਤ ਰੂਪ ਨਾਲ ਆਪਣੀ ਐਮਰਜੈਂਸੀ ਕਿਟ ਦੇ ਸਾਰੇ ਸਮਾਨ ਦੀ ਜਾਂਚ ਅਤੇ ਇਸਨੂੰ ਅਪਡੇਟ ਕਰੋ।

# ਐਮਰਜੈਂਸੀ ਕਿਟ

ਤੂਫ਼ਾਨ ਅਤੇ ਝੱਖੜ ਦੇ ਦੌਰਾਨ ਤੁਹਾਡੀ ਐਮਰਜੈਂਸੀ ਕਿਟ ਵਿੱਚ ਰੱਖਣ ਲਈ ਵਾਧੂ ਸਮਾਨ

ਜਦੋਂ ਹੜ੍ਹ, ਤੂਫ਼ਾਨ ਅਤੇ ਝੱਖੜ ਜਿਹੀਆਂ ਐਮਰਜੈਂਸੀ ਸਥਿੱਤੀਆਂ ਦੀ ਸੰਭਾਵਨਾ ਹੁੰਦੀ ਹੈ ਤਾਂ ਮੌਸਮ ਚੇਤਾਵਨੀਆਂ ਦਿੱਤੀਆਂ ਜਾਂਦੀਆਂ ਹਨ। ਤੂਫ਼ਾਨ ਅਤੇ ਝੱਖੜ ਦੇ ਮੌਸਮ ਦੇ ਦੌਰਾਨ ਆਪਣੀ ਐਮਰਜੈਂਸੀ ਕਿਟ ਵਿੱਚ ਹੇਠਾਂ ਦਿੱਤੀਆਂ ਚੀਜਾਂ ਸ਼ਾਮਿਲ ਕਰੋ।

ਬੇਹਤਰ ਹੈ ਕਿ ਤੁਸੀਂ ਆਪਣੀ ਕਿਟ ਵਿੱਚ ਹਰ ਵੇਲੇ ਇਹਨਾਂ ਚੀਜਾਂ ਦਾ ਸਾਮਾਨ ਰੱਖੋ। ਜੇਕਰ ਤੁਹਾਡੀ ਕਿਟ ਵਿੱਚ ਵਾਧੂ ਜਗ੍ਹਾ ਨਹੀਂ ਹੈ ਤਾਂ ਨੋਟ ਬਣਾਓ ਕਿ ਵਾਧੂ ਚੀਜਾਂ ਤੁਹਾਨੂੰ ਘਰ ਵਿੱਚ ਕਿੱਥੇ ਮਿਲਣਗੀਆਂ ਤਾਂ ਜੋ ਤੁਸੀਂ ਉਹਨਾਂ ਨੂੰ ਛੇਤੀ ਨਾਲ ਇਕੱਠੀਆਂ ਕਰ ਸਕੋ। ਜੇਕਰ ਐਮਰਜੈਂਸੀ ਦੇ ਦੌਰਾਨ ਤੁਹਾਡੇ ਘਰ ਵਿੱਚ ਮੇਹਮਾਨ ਆ ਜਾਣ ਤਾਂ ਤੁਹਾਨੂੰ ਉਹਨਾਂ ਲਈ ਵੀ ਸਮਾਨ ਦੀ ਲੋੜ ਹੋਵੇਗੀ।

| ਭੋਜਨ ਅਤੇ ਪਾਣੀ | ਕਿਟ ਵਿੱਚ | ਜਾਂ ਸਥਾਨ ਤੇ |
|---|---|---|
| ਖਰਾਬ ਨਾ ਹੋਣ ਵਾਲਾ ਤਿੰਨ ਦਿਨਾਂ ਦਾ ਭੋਜਨ (ਨਾਲ ਹੀ ਕੈਨ ਓਪਨਰ, ਭੋਜਨ ਬਣਾਉਣ ਦਾ ਸਮਾਨ. ਪਲੇਟਾਂ ਅਤੇ ਬਰਤਨ) | ☐ | ........ |
| ਬੰਦ ਡੱਬਿਆਂ ਵਿੱਚ ਸਾਫ ਪਾਣੀ (3 ਦਿਨਾਂ ਲਈ ਪ੍ਰਤੀ ਵਿਅਕਤੀ 10 ਲੀਟਰ ਪਾਣੀ ਦੀ ਸਲਾਹ ਦਿੱਤੀ ਜਾਂਦੀ ਹੈ) | ☐ | ........ |
| ਪਾਣੀ ਨੂੰ ਸ਼ੁੱਧ ਕਰਨ ਵਾਲੀਆਂ ਗੋਲੀਆਂ | ☐ | ........ |

| ਚਿਕਿਤਸਾ ਅਤੇ ਸਫਾਈ ਸੰਬੰਧੀ ਸਮਾਨ | | |
|---|---|---|
| ਵਾਧੂ ਦਵਾਈਆਂ | ☐ | ........ |
| ਨਹਾਣ-ਧੋਣ ਅਤੇ ਸਫਾਈ ਦਾ ਵਾਧੂ ਸਮਾਨ, ਸਨਸਕ੍ਰੀਨ ਅਤੇ ਕੀਟਨਾਸ਼ਕ | ☐ | ........ |
| ਸਾਰੀਆਂ ਦਵਾਈਆਂ ਦੇ ਨਿਰਧਾਰਤ ਵੇਰਵੇ | ☐ | ........ |
| ਅਤਿਰਿਕਤ ਐਨਕਾਂ | ☐ | ........ |

| ਉਪਕਰਨ, ਸੰਚਾਰ ਦੇ ਸਾਧਨ ਅਤੇ ਸਮਾਨ | | |
|---|---|---|
| ਖਿੜਕੀਆਂ ਤੇ ਲਗਾਉਣ ਲਈ ਚੌੜੀਆਂ ਟੇਪਾਂ | ☐ | ........ |
| ਸਾਰੇ ਉਪਕਰਨਾਂ ਨੂੰ ਬੰਦ ਕਰਨ ਲਈ ਚਾਬੀਆਂ ਜਾਂ ਸਰੌਤੇ | ☐ | ........ |
| ਟੈਂਟ ਜਾਂ ਤਰਪਾਲ | ☐ | ........ |
| ਊਨੀ ਅਤੇ ਗਰਮ ਕੰਬਲ | ☐ | ........ |
| ਮੋਬਾਈਲ ਫੋਨ, ਅਤਿਰਿਕਤ ਬੈਟਰੀ ਅਤੇ ਚਾਰਜਰ | ☐ | ........ |


| ਕੱਪੜੇ ਅਤੇ ਜੁੱਤੀਆਂ | ਕਿਟ ਵਿੱਚ | ਜਾਂ ਸਥਾਨ ਤੇ |
|---|---|---|
| ਪਲਾਸਟਿਕ ਦੇ ਬੈਗਾਂ ਵਿੱਚ ਸਾਰਿਆਂ ਦੇ ਬਦਲਣ ਲਈ ਕੱਪੜੇ | ☐ | ........ |
| ਵਾਧੂ ਕੱਪੜੇ ਅਤੇ ਚਾਦਰਾਂ | ☐ | ........ |

| ਫੁਟਕਲ ਚੀਜਾਂ | | |
|---|---|---|
| ਛੋਟੇ ਬੱਚਿਆਂ ਲਈ ਵਾਧੂ ਸਾਮਾਨ (ਲੰਗੋਟ, ਫਾਰਮੂਲਾ ਆਦਿ) | ☐ | ........ |
| ਬਜੁਰਗਾਂ ਜਾਂ ਅਪੰਗ ਲੋਕਾਂ ਦੀ ਜ਼ਰੂਰਤ ਦਾ ਵਾਧੂ ਸਮਾਨ | ☐ | ........ |
| ਇਲੈਕਟ੍ਰੋਨਿਕ ਬੈਂਕ ਟੈਲਰਾਂ ਦੇ ਕੰਮ ਨਾ ਕਰਨ ਦੀ ਸਥਿੱਤੀ ਵਿੱਚ ਕੰਮ ਲੈਣ ਲਈ ਫਾਲਤੂ ਨਕਦ | ☐ | ........ |
| ਪਾਲਤੂ ਜਾਨਵਰ – ਪ੍ਰਬੰਧ ਅਤੇ ਜਾਣਕਾਰੀ (ਜਿਵੇਂ ਕਿ ਡਾਕਟਰ ਦੇ ਕਾਗਜ, ਜ਼ੰਜੀਰ, ਭੋਜਨ ਅਤੇ ਪਾਣੀ, ਪਛਾਣ ਟੈਗ ਵਾਲੇ ਕਾਲਰ, ਜਾਨਵਰ ਦਾ ਬਿਸਤਰਾ, ਕੂੜੇ ਦਾ ਡੱਬਾ ਅਤੇ ਝਾੜੂ, ਵਾਹਕ ਜਾਂ ਕਵਚ, ਦਵਾਈ) | ☐ | ........ |

ਐਮਰਜੈਂਸੀ ਵਿੱਚ ਬਿਜਲੀ ਅਤੇ ਪਾਣੀ ਦੀ ਸਪਲਾਈ ਬੰਦ ਹੋ ਸਕਦੀ ਹੈ।

ਇਹ ਯਕੀਨੀ ਬਣਾਓ ਕਿ ਤੁਹਾਡੇ ਕੋਲ ਹੇਠਾਂ ਦਿੱਤਾ ਸਮਾਨ ਸਹੀ ਮਾਤਰਾ ਵਿੱਚ ਹੈ:

| | | |
|---|---|---|
| ਬਾਰਬੇਕਿਊ ਜਾਂ ਇੰਧਨ ਵਾਲਾ ਚੁਕਵਾ ਸਟੋਵ | ☐ | ........ |
| ਮੋਬਾਈਲ ਫੋਨ ਲਈ ਪੂਰੀ ਤਰ੍ਹਾਂ ਚਾਰਜ ਕੀਤੀਆਂ ਬੈਟਰੀਆਂ | ☐ | ........ |
| ਟਾਰਚ ਅਤੇ ਰੇਡੀਓ ਲਈ ਅਤਿਰਿਕਤ ਬੈਟਰੀਆਂ | ☐ | ........ |
| ਇਸਕੀ ਜਾਂ ਗੈਸ/ਬੈਟਰੀ ਨਾਲ ਚੱਲਣ ਵਾਲਾ ਫ੍ਰਿਜ | ☐ | ........ |




ਇਹ ਰਸਾਲਾ ਕੇਵਲ ਸੂਚਨਾ ਦੇਣ ਅਤੇ ਤੁਹਾਡੀ ਭਲਾਈ ਲਈ ਹੈ। ਸਮੁਦਾਏ ਸੁਰੱਖਿਆ ਵਿਭਾਗ, ਐਮਰਜੈਂਸੀ ਮੈਨੇਜਮੈਂਟ ਕਵੀਂਸਲੈਂਡ ਅਤੇ ਰਾਜ ਐਮਰਜੈਂਸੀ ਸੇਵਾ ਅਜਿਹੀ ਕਿਸੇ ਵੀ ਹਾਨੀ ਜਾਂ ਨੁਕਸਾਨ ( ਜ਼ਿਮਨੀ ਹਾਨੀ ਜਾਂ ਨੁਕਸਾਨ ਸਮੇਤ) ਦੀ ਜ਼ਿੰਮੇਵਾਰੀ ਨਹੀਂ ਲੈਂਦੀ ਜੋ ਕਿਸੇ ਵਿਅਕਤੀ ਨੂੰ ਇਸ ਰਸਾਲੇ ਵਿੱਚ ਦਿੱਤੀ ਸੂਚਨਾ ਤੇ ਨਿਰਭਰਤਾ ਦੇ ਸੰਬੰਧ ਵਿੱਚ ਸਹਿਣੀ ਪੈ ਸਕਦੀ ਹੈ ਜਾਂ ਕਿਸੇ ਢੰਗ ਨਾਲ ਹੋ ਸਕਦੀ ਹੈ ਜਾਂ ਪ੍ਰਤੱਖ ਜਾਂ ਅਪ੍ਰਤੱਖ ਰੂਪ ਤੋਂ ਉਤਪੰਨ ਹੋ ਸਕਦੀ ਹੈ।

ਐਮਰਜੈਂਸੀ ਤਿਆਰੀਆਂ ਬਾਰੇ ਵਧੇਰੇ ਜਾਣਕਾਰੀ ਲਈ www.disaster.qld.gov.au ਤੇ ਜਾਓ।

© 2011 Department of Community Safety



Queensland Government